**ਨਮੂਨੇ ਦਾ ਪ੍ਰਸ਼ਨ-ਪੱਤਰ**

**ਸ਼੍ਰੇਣੀ: ਦਸਵੀਂ**

**ਪੰਜਾਬੀ- ਬੀ**

**ਕੁੱਲ ਅੰਕ: 65**

1. ਵਸਤੂਨਿਸ਼ਠ ਪ੍ਰਸ਼ਨ : 1x10=10

(ੳ) ਵਿਆਕਰਨ ਦਾ ਕਿਹੜਾ ਅੰਗ ਅਰਥਾਂ ਦੇ ਅਧਿਐਨ ਨਾਲ਼ ਸੰਬੰਧਿਤ ਹੈ ? 1

(ਅ) ਹੇਠ ਲਿਖੇ ਵਾਕ ਨੂੰ ਲੁੜੀਂਦੇ ਵਿਸਰਾਮ-ਚਿੰਨ੍ਹ ਲਗਾਓ : 1

ਪਾਪਾ ਵੀਰ ਆ ਗਿਆ ਏ

(ੲ) ਭਾਸ਼ਾ ਕਿਸ ਨੂੰ ਕਹਿੰਦੇ ਹਨ ? 1

(ਸ) ਪੰਜਾਬੀ ਵਿੱਚ ਸ੍ਵਰ-ਧੁਨੀਆਂ ਕਿਹੜੀਆਂ-ਕਿਹੜੀਆਂ ਹਨ ? 1

(ਹ) 'ਮੇਲਣ' ਸ਼ਬਦ ਦਾ ਪੁਲਿੰਗ ਰੂਪ ਦੱਸੋ। 1

(ਕ) ਪੰਜਾਬੀ ਭਾਸ਼ਾ ਵਿੱਚ 'ਮੋਰਨੀ' ਕਿਹੜਾ ਵਚਨ ਹੈ ? 1

(ਖ) 'ਅਸੀਂ ਪੜ੍ਹਦੇ ਸਾਂ।' ਵਾਕ ਵਿੱਚ ਕਿਹੜਾ ਕਾਲ-ਰੂਪ ਹੈ ? 1

(ਗ) 'ਗੁਆਚਣਾ' ਸ਼ਬਦ ਦਾ ਵਿਰੋਧਾਰਥਕ ਸ਼ਬਦ ਲਿਖੋ। 1

(ਘ) 'ਕਿਸੇ ਲੇਖਕ ਦੀ ਸਭ ਤੋਂ ਉੱਤਮ ਰਚਨਾ'- ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ। 1

(ਕ) 'ਨਿਰਮਲ' ਦਾ ਸਮਾਨਾਰਥਕ ਸ਼ਬਦ ਲਿਖੋ। 1

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ: 10x1=10

(ੳ) ਨਾਨਕ ਸਿੰਘ ਨਾਵਲਕਾਰ

(ਅ) ਬੇਰੁਜ਼ਗਾਰੀ ਦੀ ਸਮੱਸਿਆ

(ੲ) ਅੱਖੀਂ ਡਿੱਠਾ ਮੇਲਾ

(ਸ) ਮੋਬਾਈਲ ਫ਼ੋਨ ਦਾ ਵਧਦਾ ਰੁਝਾਨ

(ਹ) ਲਾਇਬ੍ਰੇਰੀ

3. ਆਪਣੇ ਮਿੱਤਰ ਨੂੰ ਨੀਟ (NEET) ਵਿੱਚ ਮੋਹਰੀ ਦਰਜਾ ਪ੍ਰਾਪਤ ਕਰਨ 'ਤੇ ਵਧਾਈ ਦੀ ਚਿੱਠੀ ਲਿਖੋ।

2+3+1=6

ਜਾਂ

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਸੜਕਾਂ ਉੱਪਰ ਹੋ ਰਹੀਆਂ ਦੁਰਘਟਨਾਵਾਂ ਕਰਕੇ ਹੋ ਰਹੇ ਜਾਨੀ ਨੁਕਸਾਨ ਬਾਰੇ ਪੱਤਰ ਲਿਖੋ।

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

5+1=6

ਗੁਰੂ ਨਾਨਕ ਦਾ ਉਪਦੇਸ਼ ਸਰਬ-ਸੰਸਾਰ ਲਈ ਸਾਂਝਾ ਤੇ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਹੈ । ਉਹਨਾਂ ਦਾ ਸੁਨੇਹਾ ਹਰ ਇਨਸਾਨ ਅਤੇ ਸਮੁੱਚੇ ਤੌਰ 'ਤੇ ਇਨਸਾਨੀ ਸਮਾਜ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਹਿਲਾ ਉਪਦੇਸ਼ ਇਨਸਾਨ ਨੂੰ ' ਆਪਣੀ ਆਤਮਾ ਨੂੰ ਉੱਨਤ ਕਰਨ ਦਾ ਹੈ ਅਤੇ ਨਾਮ-ਦਾਨ ਤੇ ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ । ਈਸ਼ਵਰ ਭਗਤੀ, ਈਸ਼ਵਰ-ਸਿਮਰਨ ਨਾਲ਼ ਮਨ ਦੀ ਮੈਲ਼ ਕਟਦੀ ਹੈ ਤੇ ਆਤਮਾ ਆਪਣੇ ਸ਼ੁੱਧ ਰੂਪ ਵਿੱਚ ਵਿਦਮਾਨ ਹੁੰਦੀ ਹੈ । ਦੂਸਰਾ ਉਪਦੇਸ਼ ਗੁਰੂ ਨਾਨਕ ਦਾ ਇਹ ਹੈ ਕਿ ਸੰਸਾਰ ਅਤੇ ਸਮਾਜ ਤੋਂ ਕੱਟ ਹੋ ਕੇ, ਵੱਖਰੇ ਹੋ ਕੇ, ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ, ਉੱਨਤੀ ਅਤੇ ਹੋਂਦ ਅਸੰਭਵ ਹੈ। ਗੁਰੂ ਨਾਨਕ ਦਾ ਇਹ ਉਪਦੇਸ਼ ਹੈ ਕਿ ਇਨਸਾਨ ਖ਼ੁਦਗ਼ਰਜ਼ੀ ਤੇ ਹਉਮੈ ਦੀ ਜਿੱਲ੍ਹਣ ਵਿੱਚੋਂ ਨਿਕਲ਼ ਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁੱਜੇ ਤਾਂਜੋ ਵਿਸ਼ਵ ਅਥਵਾ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:

2×3=6

(ੳ) ਅੱਡੀ ਨਾ ਲੱਗਣਾ 2

(ਅ) ਸਿੱਕਾ ਜੰਮਣਾ 2

(ੲ) ਸ਼ੇਰ ਦੀ ਮੁੱਛ ਫੜਨਾ 2

(ਸ) ਕਾਂਜੀ ਘੋਲਣਾ 2

(ਹ) ਖ਼ਾਨਿਓਂ ਜਾਣਾ 2

(ਕ) ਪੈਰ ਜੰਮਣਾ 2

6. ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ : $1/2 \times 6=3$

ਰੋਟੀ ਟੁੱਕ ਤਿਆਰ ਕਰਨ ਚ ਹੋਰ ਕਿੰਨਾ ਸਮਾਂ ਲੱਗੇਗਾ

7. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 2+2+2=6

(ੳ) ਗੁਰਮੁਖੀ ਲਿਪੀ ਅਤੇ ਵਰਨ-ਮਾਲਾ ਵਿੱਚ ਕੀ ਅੰਤਰ ਹੈ ? 2

(ਅ) 'ਲ' ਅਤੇ 'ਲ਼' ਵਿੱਚ ਕੀ ਅੰਤਰ ਹੈ ? 2

(ੲ) ਪੰਜਾਬੀ ਵਿੱਚ ਵਿਅੰਜਨ-ਧੁਨੀਆਂ ਕਿੰਨੀਆਂ ਹਨ ? 2

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ : 1+1=2

(ੳ) 'ੳ' (ਊੜਾ) ਅੱਖਰ ਨਾਲ਼ ਕਿਹੜੇ ਨਾਸਿਕੀ ਚਿੰਨ੍ਹ ਦੀ ਵਰਤੋਂ ਹੁੰਦੀ ਹੈ ? 1

(ਅ) ਅਧਕ ਕਿਹੜੀ-ਕਿਹੜੀ ਲਗ ਨਾਲ਼ ਲਗਦਾ ਹੈ ? 1

9. (ੳ) ਯੋਜਕ ਜਾਂ ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ? ਉਦਾਹਰਨਾਂ ਸਹਿਤ ਦੱਸੋ । 2

(ਅ) ਸੰਜੁਗਤ ਕਿਰਿਆ, ਇਕਹਿਰੀ ਕਿਰਿਆ ਨਾਲੋਂ ਕਿਵੇਂ ਵੱਖਰੀ ਹੈ ? ਉਦਾਹਰਨਾਂ ਸਹਿਤ ਦੱਸੋ । 2

10. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ : 1+1=2

ਛੋਟੀਆਂ ਲੜਕੀਆਂ ਖੇਡਦੀਆਂ ਹਨ ।

11. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:

ਉਹ ਖੇਡਦਾ ਹੈ । 2+2=4

12. (ੳ) 'ਦੌਰਾ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ । 4

(ਅ) 'ਓੜਕ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ । 1

(ੲ) ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ : 1

ਉਹ ਲੜਾਈ ਜਿਸ ਵਿੱਚ ਬਹੁਤ ਸਾਰੇ ਵਿਅਕਤੀ ਮਾਰੇ ਜਾਣ

4+1+1=6